BARB ਨੈਸ਼ਨਲ TV ਦੇਖਣ ਦੇ ਪੈਨਲ ਵਿੱਚ ਸ਼ਾਮਲ ਹੋਣਾ



# TV ਦੇ ਭਵਿੱਖ ਨੂੰ ਅਕਾਰ ਦੇਣ ਵਿੱਚ ਮਦਦ ਕਰੋ

**www.shapingtv.co.uk**

ਕਿਰਪਾ ਕਰਕੇ 020 3602 0717 ਤੋਂ ਸਾਡੀ ਕਾਲ ਦਾ ਜਵਾਬ ਦੇਣਾ ਨਾ ਭੁੱਲੋ

BARB BROADCASTERS' AUDIENCE RESEARCH BOARD   Ipsos   RSMB   KANTAR

PUN ਸੰਸਕਰਨ 10




**ਸਕੌਟ ਜੈਕਵੇਜ਼ (Scott Jakeways)**

ਟੀਵੀ ਓਡੀਐਂਸਿਜ਼ ਡਾਇਰੈਕਟਰ

**Ipsos**


**BARB ਨੈਸ਼ਨਲ ਟੀਵੀ ਵਿਊਇੰਗ ਪੈਨਲ ਵਿੱਚ ਸ਼ਾਮਲ ਹੋਣ ਲਈ ਦਿਲਚਸਪੀ ਦਿਖਾਉਣ ਲਈ ਤੁਹਾਡਾ ਧੰਨਵਾਦ।**

ਪੈਨਲ ਦੇ ਮੈਂਬਰ ਆਪਣੇ (ਟੀਵੀ) ਦੇਖਣ ਦੇ ਵਿਵਹਾਰ ਦੀ ਪੈਮਾਇਸ਼ ਕਰਨ (ਪਤਾ ਲਗਾਉਣ) ਲਈ ਸਾਨੂੰ ਖੁੱਲ੍ਹ ਦੇ ਕੇ ਟੀਵੀ ਉਦਯੋਗ ਵਿੱਚ ਸਿੱਧੇ ਤੌਰ ’ਤੇ ਯੋਗਦਾਨ ਪਾਉਂਦੇ ਹਨ।

ਤੁਹਾਡੇ ਘਰ ਦੀ ਚੋਣ ਖਾਸ ਤੌਰ ’ਤੇ ਕੀਤੀ ਗਈ ਹੈ ਅਤੇ ਤੁਹਾਡੀ ਸ਼ਮੂਲੀਅਤ ਦੀ ਸਮੁੱਚੇ ਟੀਵੀ ਉਦਯੋਗ ਵੱਲੋਂ ਕਦਰ ਕੀਤੀ ਜਾਂਦੀ ਹੈ। ਤੁਹਾਡੇ ਵਰਗੇ ਇੱਛੁਕ ਘਰਾਂ ਤੋਂ ਬਗੈਰ ਸਾਨੂੰ ਕਦੇ ਵੀ ਪਤਾ ਨਹੀਂ ਲੱਗੇਗਾ ਕਿ ਕੌਣ ਕੀ ਦੇਖ ਰਿਹਾ ਸੀ।

ਇਸ ਪੁਸਤਿਕਾ ਦੇ ਨਾਲ, ਅਸੀਂ ਉਨ੍ਹਾਂ ਨ੍ਹਾਂ ਕੋਈ ਵੀ ਸੁਆਲਾਂ ਦੇ ਜਵਾਬ ਦੇਣ ਦਾ ਉਦੇਸ਼ ਰੱਖਦੇ ਹਾਂ ਜੋ ਤੁਹਾਡੇ ਉਸ ਪਰਕਿਰਿਆ ਬਾਰੇ ਹੋ ਸਕਦੇ ਹਨ ਜੋ ਅਸੀਂ TV ਸੈੱਟਾਂ, ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਤੇ ਟੀਵੀ ਦੇਖਣ ਨੂੰ ਕੈਪਚਰ ਕਰਨ ਲਈ ਵਰਤਦੇ ਹਾਂ

## ਟੀਵੀ ਦਰਸ਼ਕਾਂ ਬਾਰੇ ਪੈਮਾਇਸ਼ ਕਿਉਂ ਕੀਤੀ ਜਾਂਦੀ ਹੈ?

ਨੈਸ਼ਨਲ ਟੀਵੀ ਵਿਊਇੰਗ ਪੈਨਲ ’ਤੇ ਦੇਖਣ ਸਬੰਧੀ ਘਰਾਂ ਤੋਂ ਇਕੱਤਰ ਕੀਤੀ ਜਾਣਕਾਰੀ ਇਸ ਬਾਰੇ ਸਭ ਤੋਂ ਸਪਸ਼ਟ ਤਸਵੀਰ ਪੇਸ਼ ਕਰਦੀ ਹੈ ਕਿ ਕੌਣ ਵੱਖ-ਵੱਖ ਪ੍ਰੋਗਰਾਮ ਦੇਖਦਾ ਹੈ ਅਤੇ ਕਦੋਂ ਦੇਖਦਾ ਹੈ।

ਇਸ ਜਾਣਕਾਰੀ ਨੂੰ ਬ੍ਰੋਡਕਾਸਟਰਾਂ (ਪ੍ਰਸਾਰਣਕਰਤਾਵਾਂ) ਵੱਲੋਂ ਆਪਣੇ ਦਰਸ਼ਕਾਂ ਨੂੰ ਸਮਝਣ ਵਿੱਚ ਮਦਦ ਲਈ ਵਰਤਿਆ ਜਾਂਦਾ ਹੈ। ਪੈਨਲ ਵਿੱਚ ਭਾਗ ਲੈ ਕੇ, ਤੁਸੀਂ ਟੀਵੀ ਦੇ ਭਵਿੱਖ ਨੂੰ ਪ੍ਰਭਾਵਿਤ ਕਰੋਗੇ।

## ਕੌਣ ਭਾਗ ਲੈਂਦਾ ਹੈ?

ਹਰ ਕੋਈ ਇਸ ਪੈਨਲ ਦਾ ਹਿੱਸਾ ਨਹੀਂ ਹੋ ਸਕਦਾ ਹੈ; ਸਿਰਫ ਕੁਝ ਕੁ ਹਜ਼ਾਰ ਘਰ ਹੀ ਭਾਗ ਲੈਂਦੇ ਹਨ।

ਭਾਗ ਲੈਣ ਵਾਲੇ ਘਰਾਂ ਦੀ ਚੋਣ ਬਗੈਰ ਕਿਸੇ ਤਰਤੀਬ ਤੋਂ ਇਸ ਤਰੀਕੇ ਨਾਲ ਕੀਤੀ ਜਾਂਦੀ ਹੈ ਜੋ ਇਹ ਯਕੀਨੀ ਬਣਾਉਂਦੀ ਹੈ ਕਿ ਪੈਨਲ ਅਸਲ ਵਿੱਚ ਯੂਕੇ ਦੇ ਸਾਰੇ ਪਰਿਵਾਰਾਂ ਦੀ ਨੁਮਾਇੰਦਗੀ ਕਰਦਾ ਹੈ।

## ਮੇਰਾ ਘਰ ਹੀ ਕਿਉਂ?



ਜਨਸੰਖਿਆ ਦੇ ਵੱਖ-ਵੱਖ ਵਰਗਾਂ ਦੀ ਲੋੜ ਹੈ, ਜੋ ਹਰ ਉਮਰ ਦੇ ਲੋਕਾਂ ਅਤੇ ਪਿਛੋਕੜਾਂ ਨੂੰ ਸ਼ਾਮਲ ਕਰਦੀ ਹੈ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਥੋੜ੍ਹਾ ਟੀਵੀ ਦੇਖਦੇ ਹਨ ਜਾਂ ਬਿਲਕੁਲ ਵੀ ਨਹੀਂ ਦੇਖਦੇ ਅਤੇ ਉਹ ਲੋਕ ਵੀ ਜਿਹਨਾਂ ਕੋਲ ਟੀਵੀ ਸੈੱਟ ਨਹੀਂ ਹੈ।

ਅਸੀਂ ਚਾਹਾਂਗੇ ਕਿ ਤੁਸੀਂ ਆਪਣੇ ਵਰਗੇ ਲੋਕਾਂ ਦੀਆਂ ਦੇਖਣ ਦੀਆਂ ਆਦਤਾਂ ਬਾਰੇ ਦਰਸਾਉਣ ਲਈ ਭਾਗ ਲਵੋ।

## ਇਹ ਕਿਵੇਂ ਕੰਮ ਕਰਦਾ ਹੈ?

ਤੁਹਾਡੇ ਘਰ ਵਿੱਚ ਸਾਰਿਆਂ ਲਈ ਸਾਰੇ ਟੀਵੀ ਸੈਟਾਂ, ਟੈਬਲੇਟ੍ਸ, ਕੰਪਿਊਟਰਾਂ ਅਤੇ ਸਮਾਰਟਫੋਨਾਂ ਨੂੰ ਦੇਖਣਾ ਮਾਪਿਆ ਜਾਂਦਾ ਹੈ।

**ਇਹ ਕਰਨ ਲਈ:**

- ਘਰ ਵਿੱਚ ਹਰ ਕਿਸੇ ਦੇ ਰਾਜ਼ੀ ਹੋਣ ਦੀ ਲੋੜ ਹੁੰਦੀ ਹੈ
- ਅਸੀਂ ਹਰੇਕ TV ਸੈੱਟ ਦੇ ਨੇੜੇ ਇੱਕ ਛੋਟਾ ਟੈਬਲੇਟ-ਸਟਾਈਲ ਡਿਵਾਈਸ ਰੱਖਦੇ ਹਾਂ ਜੋ ਸਾਨੂੰ ਦੇਖੇ ਜਾਣ ਵਾਲੇ ਪ੍ਰੋਗਰਾਮਾਂ ਅਤੇ ਇਸ ਦੀ ਪਛਾਣ ਕਰਨ ਦੀ ਆਗਿਆ ਦਿੰਦਾ ਹੈ ਕਿ ਘਰ ਦਾ ਕਿਹੜਾ ਮੈਂਬਰ ਦੇਖ ਰਿਹਾ ਹੈ।
- ਤੁਹਾਡੇ ਨੈਟਵਰਕ 'ਤੇ ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਲਈ ਦੇਖਣ ਵਾਲੀ ਜਾਣਕਾਰੀ ਨੂੰ ਇਕੱਤਰ ਕਰਨ ਲਈ ਇੱਕ ਹੋਰ ਛੋਟੇ ਡਿਵਾਈਸ ਨੂੰ ਵੀ ਸਾਡੇ ਲਈ ਤੁਹਾਡੇ ਬ੍ਰੌਡਬੈਂਡ ਰਾਊਟਰ ਨਾਲ ਸਿੱਧਾ ਜੋੜਿਆ ਜਾਂਦਾ ਹੈ।



## ਗੁਪਤਤਾ (ਭੇਤਦਾਰੀ)

**BARB** ਵੱਲੋਂ ਕੰਮ ਲਈ ਨਿਯਤ ਕੀਤੀਆਂ ਖੋਜ ਏਜੰਸੀਆਂ (ਇਪਸੋਸ, ਕੈਂਟਾਰ ਅਤੇ **RSMB**) ਕਿਸੇ ਵੀ ਤੀਜੇ ਪੱਖ ਨੂੰ ਤੁਹਾਡੀ ਪਛਾਣ ਦਾ ਖੁਲਾਸਾ ਨਹੀਂ ਕਰਣਗੀਆਂ ਅਤੇ ਤੁਹਾਡੇ ਸਾਰੇ ਵੇਰਵਿਆਂ ਨੂੰ ਸਖਤੀ ਨਾਲ ਗੁਪਤ ਰੱਖਿਆ ਜਾਵੇਗਾ।

ਤੁਹਾਡੇ ਨਿੱਜੀ ਵੇਰਵਿਆਂ, ਅਤੇ ਤੁਹਾਡੇ ਘਰ ਵਿਚਲੇ ਲੋਕਾਂ ਨੂੰ, ਸਿਰਫ **BARB** ਵੱਲੋਂ ਨਿਯਤ ਕੀਤੀਆਂ ਖੋਜ ਕੰਪਨੀਆਂ ਦੁਆਰਾ ਹੀ ਰੱਖਿਆ ਜਾਵੇਗਾ, ਅਤੇ ਸਿਰਫ ਇਸ ਅਧਿਐਨ ਦੇ ਸਬੰਧ ਵਿੱਚ ਹੀ ਵਰਤੋਂ ਕੀਤੀ ਜਾਵੇਗੀ।

## ਇੱਕ ਝਲਕ...

| | |
|---|---|
| **ਟੀਵੀ** | • ਘਰ ਵਿੱਚ ਹਰੇਕ TV ਨਾਲ ਜੁੜਿਆ TV ਮੀਟਰ<br>• ਮੀਟਰ ਅਵਾਜ਼ ਦੇ ਫ਼ਿੰਗਰਪ੍ਰਿੰਟ (ਉਂਗਲੀਆਂ ਦੇ ਨਿਸ਼ਾਨ) ਇਕੱਤਰ ਕਰਦਾ ਹੈ<br>• ਅਵਾਜ਼ ਨੂੰ ਸਾਰੀ ਗਿਆਤ ਟੀਵੀ ਸਮੱਗਰੀ ਦੀ ਹਵਾਲਾ ਲਾਇਬ੍ਰੇਰੀ ਨਾਲ ਮਿਲਾਇਆ ਜਾਂਦਾ ਹੈ<br>• ਪਰਿਵਾਰ ਦੇ ਮੈਂਬਰ ਇੱਕ ਸਮਰਪਿਤ ਰਿਮੋਟ ‘ਤੇ ਇੱਕ ਬਟਨ ਨੂੰ ਦਬਾਉਣ ਜਾਂ ਉਨ੍ਹਾਂ ਦੇ ਅਵਤਾਰ ਦੀ ਚੋਣ ਕਰਕੇ ਉਨ੍ਹਾਂ ਦੀ ਮੌਜੂਦਗੀ ਨੂੰ ਦਰਜ ਕਰਦੇ ਹਨ |
| **ਟੈਬਲੇਟ, ਕੰਪਿਊਟਰ ਅਤੇ ਸਮਾਰਟਫੋਨਜ਼** | • ਫੋਕਲ ਮੀਟਰ ਨੂੰ ਘਰ ਦੇ ਬ੍ਰੌਡਬੈਂਡ ਰਾਊਟਰ ਨਾਲ ਜੋੜਿਆ ਜਾਂਦਾ ਹੈ<br>• ਫੋਕਲ ਮੀਟਰ ਖਾਸ ਮਨੋਰੰਜਨ TV ਸੇਵਾਵਾਂ ਤੋਂ ਜਾਣਕਾਰੀ ਇਕੱਤਰ ਕਰਦਾ ਹੈ<br>• ਪੈਨਲ ਦੇ ਮੈਂਬਰ, ਵਿਵਹਾਰ ਨੂੰ ਦੇਖਣ ਅਤੇ ਡਿਵਾਈਸ ਦੀ ਮਲਕੀਅਤ ਸਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ |

## TVs ਲਈ: TV ਮੀਟਰ

ਜਦੋਂ ਟੀਵੀ ਚਲਾਇਆ ਜਾਂਦਾ ਹੈ, ਤਾਂ ਟੀਵੀ ਮੀਟਰ ਦੇਖੇ ਜਾ ਰਹੇ ਚੈਨਲਾਂ ਬਾਰੇ ਜਾਣਕਾਰੀ ਇਕੱਤਰ ਕਰਦਾ ਹੈ।

ਇਹ ਟੀਵੀ ਵਿੱਚ ਕਿਸੇ ਵੀ ਤਰ੍ਹਾਂ ਨਾਲ ਦਖਲ ਦਿੱਤੇ ਬਗੈਰ ਅਜਿਹਾ ਕਰਦਾ ਹੈ ਅਤੇ ਜਿਸ ਤਰ੍ਹਾਂ ਨਾਲ ਤੁਸੀਂ ਆਪਣੇ ਕਿਸੇ ਵੀ

ਸਾਜ਼-ਸਮਾਨ ਦੀ ਵਰਤੋਂ ਕਰਦੇ ਹੋ ਉਸ ’ਤੇ ਕੋਈ ਅਸਰ ਨਹੀਂ ਪਾਏਗਾ।

ਟੀਵੀ ਮੀਟਰ ਇਹ ਪਹਿਚਾਣ ਕਰਨ ਲਈ ਪ੍ਰੋਗਰਾਮ ਤੋਂ ਅਵਾਜ਼ ਦੀ ਵਰਤੋਂ ਕਰਦਾ ਹੈ ਕਿ ਕਿਹੜਾ ਪ੍ਰੋਗਰਾਮ ਦੇਖਿਆ ਜਾ ਰਿਹਾ ਹੈ।



## ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਲਈ: ਫੋਕਲ ਮੀਟਰ

ਫੋਕਲ ਮੀਟਰ ਸਿਰਫ ਖਾਸ ਟੀਵੀ ਸੇਵਾਵਾਂ ਤੋਂ ਜਾਣਕਾਰੀ ਇਕੱਤਰ ਕਰਦਾ ਹੈ ਅਤੇ ਕੁਝ ਵੀ ਹੋਰ ਅਜਿਹਾ ਨਹੀਂ ਦੇਖ ਸਕਦਾ ਜੋ ਤੁਸੀਂ ਜਾਂ ਤੁਹਾਡੇ ਘਰ ਦੇ ਜੀਅ ਕਿਸੇ ਹੋਰ ਵੈਬਸਾਈਟ ਜਾਂ ਐਪ ਤੇ ਕਰਦੇ ਹਨ। ਅਸੀਂ ਤਤਕਾਲ ਸੰਦੇਸ਼, ਈਮੇਲਾਂ ਜਾਂ ਕੋਈ ਵੀ ਹੋਰ ਨਿੱਜੀ ਸੰਚਾਰਾਂ ਨੂੰ ਬਿਲਕੁਲ ਵੀ ਨਹੀਂ ਪੜ੍ਹ ਸਕਦੇ ਹਾਂ।

ਫੋਕਲ ਮੀਟਰ ਦੁਆਰਾ ਮਾਪੀਆਂ ਗਈਆਂ ਸਾਰੀਆਂ ਸੇਵਾਵਾਂ ਦੀ ਸੂਚੀ ਇੱਥੇ ਦੇਖੀ ਜਾ ਸਕਦੀ ਹੈ: **www.virtualmeter.co.uk/focalmeter**

ਪ੍ਰਿੰਟ ਕਰਨ ਦੇ ਸਮੇਂ ਤੇ, ਇਹ ਹਨ: **Acorn TV, Apple TV+, Britbox, Chili, Dailymotion, DAZN, Disney+, Hayu, Highbrow, Hopster, Netflix, Pluto TV Non- Linear URL, POP Player, Prime Video, Rakuten TV, Samsung TV Plus, TikTok, TVPlayer, Twitch, Vevo, Virgin Media Non-Linear, W4FREE, YouTube (and Google Video), YuppTV.**

ਫੋਕਲ ਮੀਟਰ ਦਾ ਤੁਹਾਡੇ ਬ੍ਰੌਡਬੈਂਡ ਜਾਂ ਡਿਵਾਈਸਾਂ ਦੇ ਕੰਮ ਕਰਨ ਦੇ ਤਰੀਕੇ 'ਤੇ ਕੋਈ ਦਿਖਣ-ਯੋਗ ਪ੍ਰਭਾਵ ਨਹੀਂ ਪਵੇਗਾ।



## ਜੇ ਤੁਹਾਡੇ ਕੋਲ ਬ੍ਰੌਡਬੈਂਡ ਰਾਊਟਰ ਨਹੀਂ ਹੈ: ਵਰਚੁਅਲ ਮੀਟਰ

ਉਨ੍ਹਾਂ ਘਰਾਂ ਲਈ ਜਿੱਥੇ ਬ੍ਰੌਡਬੈਂਡ ਰਾਊਟਰ ਨਹੀਂ ਹੈ, ਇੱਕ ਐਪ ਜਿਸ ਨੂੰ ਵਰਚੁਅਲ ਮੀਟਰ ਕਿਹਾ ਜਾਂਦਾ ਹੈ, ਨੂੰ ਫੋਕਲ ਮੀਟਰ ਨੂੰ ਲਗਾਉਣ ਦੀ ਬਜਾਏ ਘਰ ਵਿੱਚ ਹਰੇਕ ਟੈਬਲੇਟ, ਕੰਪਿਊਟਰ ਅਤੇ ਸਮਾਰਟਫੋਨ 'ਤੇ ਇੰਸਟਾਲ ਕੀਤਾ ਜਾਵੇਗਾ। ਇਹ ਐਪ, ਫੋਕਲ ਮੀਟਰ ਦੀ ਤਰ੍ਹਾਂ ਉਸੇ ਜਾਣਕਾਰੀ ਨੂੰ ਇਕੱਤਰ ਕਰਨ ਲਈ ਬਣਾਈ ਗਈ ਹੈ ਅਤੇ ਕੁਝ ਵੀ ਹੋਰ ਨਹੀਂ ਦੇਖ ਸਕਦੀ ਜੋ ਤੁਸੀਂ ਜਾਂ ਤੁਹਾਡੇ ਘਰ ਦੇ ਮੈਂਬਰ ਕਿਸੇ ਹੋਰ ਵੈਬਸਾਈਟ ਜਾਂ ਐਪ ਤੇ ਕਰਦੇ ਹਨ।

ਇਹ ਐਪ ਤੁਹਾਡੀ ਕਿਸੇ ਵੀ ਡਿਵਾਈਸ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਨਹੀਂ ਕਰੇਗੀ।



## ਮੈਨੂੰ ਅਸਲ ਵਿੱਚ ਕੀ ਕਰਨਾ ਹੋਵੇਗਾ?

ਸਾਨੂੰ ਜਾਣਨ ਦੀ ਲੋੜ ਹੈ ਕਿ ਟੀਵੀ ਚੱਲਣ ਸਮੇਂ ਕਮਰੇ ਵਿੱਚ ਕੌਣ ਹੁੰਦਾ ਹੈ।

ਤੁਹਾਨੂੰ ਹਰੇਕ ਟੀਵੀ ਮੀਟਰ ਲਈ ਇੱਕ ਰਿਮੋਟ ਕੰਟਰੋਲ ਦਿੱਤਾ ਜਾਵੇਗਾ ਅਤੇ ਹਰੇਕ ਪਰਿਵਾਰਕ ਮੈਂਬਰ ਨੂੰ ਰਿਮੋਟ ਕੰਟਰੋਲ ਉੱਤੇ ਇੱਕ ਨਿਯਤ ਬਟਨ ਦਿੱਤਾ ਜਾਵੇਗਾ। ਤੁਸੀਂ ਆਪਣੇ ਅਵਤਾਰ ਦੀ ਚੋਣ ਕਰਕੇ ਮੀਟਰ ਟਚ ਸਕ੍ਰੀਨ 'ਤੇ ਲਾਗ ਇਨ ਵੀ ਕਰ ਸਕਦੇ ਹੋ।

ਸਾਨੂੰ ਉਦੋਂ ਤੁਹਾਡੇ ਦੁਆਰਾ ਆਪਣਾ ਬਟਨ ਦਬਾਉਣ ਜਾਂ ਆਪਣੇ ਅਵਤਾਰ ਦੀ ਚੋਣ ਕਰਨ ਦੀ ਲੋੜ ਹੁੰਦੀ ਹੈ ਜਦੋਂ:

- ਤੁਸੀਂ ਕਮਰੇ ਵਿੱਚ ਹੁੰਦੇ ਹੋ ਅਤੇ ਟੀਵੀ ਨੂੰ ਚਲਾਇਆ ਜਾਂਦਾ ਹੈ
- ਤੁਸੀਂ ਕਮਰੇ ਵਿੱਚ ਦਾਖਲ ਹੁੰਦੇ ਹੋ ਅਤੇ ਟੀਵੀ ਚੱਲ ਰਿਹਾ ਹੁੰਦਾ ਹੈ
- ਤੁਸੀਂ ਕਮਰੇ ਤੋਂ ਚਲੇ ਜਾਂਦੇ ਹੋ ਅਤੇ ਟੀਵੀ ਚੱਲ ਰਿਹਾ ਹੁੰਦਾ ਹੈ



ਤੁਹਾਡੇ ਘਰ ਆਉਣ ਵਾਲੇ ਮਹਿਮਾਨਾਂ ਨੂੰ ਰਜਿਸਟਰ ਕਰਨ ਲਈ ਵੱਖੋ-ਵੱਖਰੇ ਬਟਨ ਹੁੰਦੇ ਹਨ।

ਇੱਕ ਵਾਰ ਜਦੋਂ ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਲਈ ਇੰਸਟਾਲੇਸ਼ਨ ਪਰਕਿਰਿਆ ਪੂਰੀ ਹੋ ਜਾਂਦੀ ਹੈ, ਤਾਂ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੁੰਦੀ ਹੈ। ਫੋਕਲ ਮੀਟਰ ਸਭ ਕੁਝ ਆਪਣੇ-ਆਪ ਕਰਦਾ ਹੈ।

ਸਾਡੇ ਕੋਲ ਪੈਨਲ ਮੈਨੇਜਰਾਂ ਦੀ ਇੱਕ ਟੀਮ ਹੈ ਜੋ ਕਿਸੇ ਵੀ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਉਪਲਬਧ ਹੈ। ਉਹ ਇਹ ਪਤਾ ਲਗਾਉਣ ਲਈ ਪਹਿਲੇ ਕੁਝ ਮਹੀਨੇ ਵਿੱਚ ਤੁਹਾਨੂੰ ਕਾਲ ਕਰ ਸਕਦੇ ਹਨ ਕਿ ਚੀਜ਼ਾਂ ਕਿਵੇਂ ਹੋ ਰਹੀਆਂ ਹਨ, ਜਾਂ ਉਸ ਸਮੇਂ ਜਦੋਂ ਉਹਨਾਂ ਨੂੰ ਡੇਟਾ ਵਿੱਚ ਕਿਸੇ ਗੱਲ ਬਾਰੇ ਅਚਾਨਕ ਪਤਾ ਲੱਗਦਾ ਹੈ।

## ਤੁਹਾਡਾ ਦੇਖਣ ਸਬੰਧੀ ਡੇਟਾ ਸਾਡੇ ਕੋਲ ਕਿਵੇਂ ਵਾਪਸ ਆਉਂਦਾ ਹੈ?

ਹਰੇਕ **TV** ਮੀਟਰ ਆਮਤੌਰ ‘ਤੇ ਤੁਹਾਡੇ ਵਾਈ-ਫਾਈ ਨੈਟਵਰਕ ਦੀ ਵਰਤੋਂ ਕਰਦੇ ਹੋਏ, ਜਾਂ ਫੇਰ ਏਕੀਕ੍ਰਿਤ **SIM** ਕਾਰਡਾਂ ਦੀ ਵਰਤੋਂ ਕਰਦੇ ਹੋਏ, ਦਿਨ ਭਰ ਦੇਖਣ ਵਾਲਾ ਡੇਟਾ ਸਾਨੂੰ ਭੇਜਦਾ ਹੈ।

ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਡੇਟਾ ਵਾਪਸ ਭੇਜਣ ਦੀ ਤੁਹਾਨੂੰ ਕੋਈ ਲਾਗਤ ਨਹੀਂ ਲੱਗੇਗੀ।

ਜੇ ਕੋਈ ਵਾਈ ਫਾਈ ਜਾਂ ਮੋਬਾਈਲ ਨੈਟਵਰਕ ਨਹੀਂ ਹੈ, ਤਾਂ ਫੇਰ ਤੁਹਾਡੇ ਲੈਂਡਲਾਈਨ ਦੇ ਜ਼ਰੀਏ ਇੱਕ ਫ੍ਰੀਫੋਨ ਨੰਬਰ ਦੀ ਵਰਤੋਂ ਕੀਤੀ ਜਾਵੇਗੀ। ਇੱਕ ਵਾਰ ਫੇਰ ਤੋਂ, ਤੁਹਾਡੇ ’ਤੇ ਕੋਈ ਖਰਚ ਨਹੀਂ ਆਏਗਾ।





## ਇੰਸਟਾਲੇਸ਼ਨ ਪ੍ਰਕਿਰਿਆ:

ਪੈਨਲ ਦਾ BARB ਵੱਲੋਂ ਕੈਂਟਾਰ ਦੁਆਰਾ ਸੰਚਾਲਨ ਕੀਤਾ ਜਾਂਦਾ ਹੈ। ਕੈਂਟਾਰਦਾ ਕੋਈ ਇੱਕ ਤਕਨੀਸ਼ੀਅਨ ਉਸ ਸਮੇਂ ਤੇ ਉਪਕਰਣ ਨੂੰ ਲਗਾਉਣ ਲਈ ਤੁਹਾਡੇ ਘਰ ਦੌਰਾ ਕਰੇਗਾ ਜੋ ਤੁਹਾਡੇ ਅਨੁਕੂਲ ਹੁੰਦਾ ਹੈ।

### ਉਹ ਤਕਨੀਸ਼ੀਅਨ:

- ਟੀਵੀ ਮੀਟਰ ਨੂੰ ਹਰੇਕ ਟੀਵੀ ਸੈੱਟ ਨਾਲ ਜੋੜੇਗਾ
- ਹਰੇਕ ਟੀਵੀ ਮੀਟਰ ਲਈ ਰਿਮੋਟ ਕੰਟਰੋਲ ਸੈੱਟ ਕਰੇਗਾ
- ਫੋਕਲ ਮੀਟਰ ਨੂੰ ਤੁਹਾਡੇ ਬ੍ਰੌਡਬੈਂਡ ਰਾਊਟਰ ਨਾਲ ਜੋੜੇਗਾ
- ਜਾਂਚ ਕਰੇਗਾ ਕਿ ਉਪਕਰਣ ਸਹੀ ਢੰਗ ਨਾਲ ਚੱਲ ਰਿਹਾ ਹੈ
- ਤੁਹਾਨੂੰ ਦਿਖਾਏਗਾ ਕਿ ਤੁਹਾਡੇ ਦੇਖਣ ਨੂੰ ਕਿਵੇਂ ਰਜਿਸਟਰ ਕਰਨਾ ਹੈ
- ਉਨ੍ਹਾਂ ਸੁਆਲਾਂ ਦੇ ਜਵਾਬ ਦੇਵੇਗਾ ਜੋ ਤੁਹਾਡੇ ਉਪਕਰਣ ਬਾਰੇ ਹੋ ਸਕਦੇ ਹਨ ਜੋ ਉਹ ਲਗਾਉਂਦੇ ਹਨ




ਜੋ ਵੀ ਕੀਤਾ ਜਾਂਦਾ ਹੈ ਉਸ ਨਾਲ ਤੁਹਾਡੇ ਟੀਵੀ ਸੈਟਾਂ, ਟੈਬਲੇਟਾਂ, ਕੰਪਿਊਟਰਾਂ ਜਾਂ ਸਮਾਰਟਫੋਨਾਂ ਦੇ ਕੰਮ ਕਰਨ ਦੇ ਤਰੀਕੇ ‘ਤੇ ਕੋਈ ਪ੍ਰਭਾਵ ਨਹੀਂ ਪਵੇਗਾ।

### ਇਸ ਵਿੱਚ ਕਿੰਨਾ ਸਮਾਂ ਲੱਗੇਗਾ?

ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਪੂਰੀ ਪਰਕਿਰਿਆ ਲਈ ਕੁਝ ਕੁ ਘੰਟੇ ਦਾ ਸਮਾਂ ਕੱਢ ਲਓ; ਪਰ, ਇਹ ਤੁਹਾਡੇ ਪਰਿਵਾਰ ਵਿੱਚ TV ਸੈੱਟਾਂ, ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਦੀ ਕਿਸਮ ਅਤੇ ਸੰਖਿਆ ‘ਤੇ ਨਿਰਭਰ ਕਰੇਗਾ ਅਤੇ ਇੱਕ ਨਾਲੋਂ ਜ਼ਿਆਦਾ ਦੌਰਿਆਂ ਦਾ ਸਮਾਯੋਜਨ ਅਤੇ ਵੰਡ ਕਰ ਸਕਦਾ ਹੈ, ਜੇ ਤੁਹਾਡੇ ਲਈ ਜ਼ਿਆਦਾ ਸੁਵਿਧਾਜਨਕ ਹੁੰਦਾ ਹੈ।



ਇੰਸਟਾਲ ਕਰਨ ਦੇ ਸਮੇਂ ਦੀ ਉਦੋਂ ਪੁਸ਼ਟੀ ਕੀਤੀ ਜਾਵੇਗੀ ਜਦੋਂ ਕੈਂਟਾਰ ਦੌਰਾ ਕਰਨ ਲਈ ਤਕਨੀਸ਼ੀਅਨ ਅਪੌਇੰਟਮੈਂਟ ਲੈਣ ਵਾਸਤੇ ਤੁਹਾਡੇ ਨਾਲ ਸੰਪਰਕ ਕਰਦਾ ਹੈ।



**ਬ੍ਰੌਡਬੈਂਡ ਰਾਊਟਰ ਤੋਂ ਬਗੈਰ ਘਰ:**

ਉਨ੍ਹਾਂ ਘਰਾਂ ਲਈ ਜਿੱਥੇ ਬ੍ਰੌਡਬੈਂਡ ਰਾਉਟਰ ਨਹੀਂ ਹੈ ਇੱਕ ਐਪ ਨੂੰ ਫੋਕਲ ਮੀਟਰ ਨੂੰ ਲਗਾਉਣ ਦੀ ਬਜਾਏ ਘਰ ਵਿੱਚ ਹਰੇਕ ਟੈਬਲੇਟ, ਕੰਪਿਊਟਰ ਅਤੇ ਸਮਾਰਟਫੋਨ 'ਤੇ ਇੰਸਟਾਲ ਕੀਤਾ ਜਾਵੇਗਾ। ਜੇ ਇੰਸਟਾਲੇਸ਼ਨ ਵਾਲੇ ਦਿਨ ਡਿਵਾਈਸ ਉਪਲਬਧ ਨਹੀਂ ਹੁੰਦਾ ਹੈ, ਤਾਂ ਅਸੀਂ ਤੁਹਾਨੂੰ ਜਾਂ ਤੇ ਹੈਲਪਡੈਸਕ ਤੇ ਕਾਲ ਕਰਨ ਲਈ ਜਾਂ ਫੇਰ ਵਰਚੁਅਲ ਮੀਟਰ ਐਪ ਦੇ ਨਾਲ ਇੰਸਟਾਲ ਕੀਤੇ ਗੈਰ-ਉਪਲਬਧ ਡਿਵਾਈਸ ਨੂੰ ਪਾਉਣ ਲਈ ਇੱਕ ਹੋਰ ਅਪੌਇੰਟਮੈਂਟ ਸੈਟ ਕਰਨ ਲਈ ਕਹਾਂਗੇ। ਜੇ ਗੈਰ-ਉਪਲਬਧ ਡਿਵਾਈਸ ਇੱਕ ਸਮਾਰਟਫੋਨ ਜਾਂ ਇੱਕ ਟੈਬਲੇਟ ਹੈ ਤਾਂ ਇਸ ਨੂੰ ਫੋਨ ਤੇ ਕੀਤਾ ਜਾ ਸਕਦਾ ਹੈ। ਪਰ, ਜੇ ਇਹ ਇੱਕ ਡੈਸਕਟੋਪ ਜਾਂ ਲੈਪਟੋਪ ਹੈ, ਤਾਂ ਸਾਨੂੰ ਇਸ ਨੂੰ ਇੰਸਟਾਲ ਕੀਤੇ ਜਾਣ ਲਈ ਇੱਕ ਹੋਰ ਤਕਨੀਸ਼ੀਅਨ ਦੇ ਦੌਰਾ ਕਰਨ ਲਈ ਬੁੱਕ ਕਰਨ ਦੀ ਲੋੜ ਹੋਵੇਗੀ।



## ਅੱਗੇ ਕੀ ਹੁੰਦਾ ਹੈ?

ਅਗਲੇ ਕੁਝ ਦਿਨਾਂ ਵਿੱਚ, ਅਸੀਂ ਇਸ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਕਾਲ ਕਰਾਂਗੇ ਕਿ:

- ਸਾਡੇ ਕੋਲ ਇੱਕ ਨੰਬਰ ਹੈ ਜਿਸ ਨਾਲ ਅਸੀਂ ਤੁਹਾਡੇ ਤੱਕ ਪਹੁੰਚ ਕਰ ਸਕਦੇ ਹਾਂ
- ਸਾਡੇ ਕੋਲ ਤੁਹਾਡੇ ਲਈ ਜੋ ਵੇਰਵੇ ਹਨ ਉਹ ਸਹੀ ਹਨ
- ਪਰਿਵਾਰ ਦੇ ਸਾਰੇ ਮੈਂਬਰ ਇਹ ਸਮਝਦੇ ਹਨ ਕਿ ਇਸ ਵਿੱਚ ਕੀ ਸ਼ਾਮਲ ਹੈ ਅਤੇ ਭਾਗੀਦਾਰੀ ਲਈ ਰਾਜ਼ੀ ਹੁੰਦੇ ਹਨ

ਇੱਕ ਵਾਰ ਜਦੋਂ ਸਾਡੇ ਕੋਲ ਇਹ ਪੁਸ਼ਟੀਕਰਨ ਹੁੰਦਾ ਹੈ, ਤਾਂ ਅਸੀਂ ਤੁਹਾਡੇ ਘਰ ਵਿੱਚ ਇੰਸਟਾਲ ਕਰ ਸਕਦੇ ਹਾਂ, ਇਸ ਲਈ ਕਿਰਪਾ ਕਰਕੇ ਇਸ ਨੰਬਰ ਤੇ ਸਾਡੇ ਵੱਲੋਂ ਕਾਲ ਦੀ ਉਡੀਕ ਕਰੋ:

020 3602 0717

ਤੁਸੀਂ ਆਪਣੇ ਫ਼ੋਨ ’ਤੇ ਇਸ ਨੰਬਰ ਨੂੰ ਸੇਵ ਕਰਨ ਦੇ ਇਛੁੱਕ ਹੋ ਸਕਦੇ ਹੋ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਅਸੀਂ ਕਾਲ ਕਰ ਰਹੇ ਹਾਂ।

ਕੈਂਟਾਰ ਫੇਰ ਦੌਰਾ ਕਰਨ ਲਈ ਇੱਕ ਤਕਨੀਸ਼ੀਅਨ ਲਈ ਅਪੌਇੰਟਮੈਂਟ ਲਏਗਾ ਅਤੇ ਉਹ ਰਿਵਾਰਡਸ ਸਕੀਮ ਦੀ ਸਥਾਪਨਾ ਕਰਣਗੇ।

ਇਸ ਸਮੇਂ ਦੌਰਾਨ, ਜੇ ਤੁਹਾਡੇ ਕੋਲ ਪੈਨਲ ਬਾਰੇ ਕੋਈ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਫ੍ਰੀਫ਼ੋਨ ਨੰਬਰ 0808 129 6827 ਦੀ ਵਰਤੋਂ ਕਰਦੇ ਹੋਏ ਦਫ਼ਤਰੀ ਘੰਟਿਆਂ ਦੌਰਾਨ ਇਪਸੋਸ ਦੀ ਟੀਮ ਨੂੰ ਕਾਲ ਕਰਨ ਤੋਂ ਨਾ ਝਿਝਕਣਾ।

ਬਦਲ ਦੇ ਤੌਰ ’ਤੇ ਤੁਸੀਂ **shapingtv@ipsos.com** ’ਤੇ ਟੀਮ ਨੂੰ ਈਮੇਲ ਕਰ ਸਕਦੇ ਹੋ।

ਤੁਸੀਂ ਸਾਡੀ ਵੈਬਸਾਇਟ **www.shapingtv.co.uk** ’ਤੇ ਜਾ ਕੇ **BARB** ਵਿਊਇੰਗ ਪੈਨਲ ਬਾਰੇ ਜ਼ਿਆਦਾ ਜਾਣਕਾਰੀ ਵੀ ਲੈ ਸਕਦੇ ਹੋ।

## ਆਮ ਪੁੱਛੇ ਜਾਂਦੇ ਪ੍ਰਸ਼ਨ

### "ਮੈਂ ਪੈਨਲ 'ਤੇ ਕਿੰਨੀ ਦੇਰ ਲਈ ਹੋਵਾਂਗਾ/ਗੀ?"

ਇਹ ਤੁਹਾਡੇ ਤੇ ਨਿਰਭਰ ਕਰਦਾ ਹੈ। ਇੱਕ ਵਾਰ ਜਦੋਂ ਤੁਸੀਂ ਪੈਨਲ ਤੇ ਸ਼ਾਮਲ ਹੋ ਜਾਂਦੇ ਹੋ, ਤਾਂ ਇਸ 'ਤੇ ਕੋਈ ਵਚਨਬੱਧਤਾ ਨਹੀਂ ਹੈ ਕਿ ਤੁਹਾਨੂੰ ਪੈਨਲ ਤੇ ਕਿੰਨੀ ਦੇਰ ਰਹਿਣਾ ਚਾਹੀਦਾ ਹੈ। ਅਸੀਂ ਆਮਤੌਰ 'ਤੇ ਲੋਕਾਂ ਦੇ ਘੱਟੋ-ਘੱਟ ਕੁਝ ਮਹੀਨਿਆਂ ਲਈ ਵਚਨਬੱਧ ਰਹਿਣ ਦੀ ਉਮੀਦ ਕਰਦੇ ਹਾਂ, ਪਰ ਕਈ ਲੋਕ ਕਈ ਸਾਲਾਂ ਤਕ ਰਹਿੰਦੇ ਹਨ।

### "ਮੇਰੇ ਦੇਖਣ ਸਬੰਧੀ ਡੇਟਾ ਨਾਲ ਕੀ ਕੀਤਾ ਜਾਂਦਾ ਹੈ?"

ਜਾਣਕਾਰੀ ਦੀ ਵਰਤੋਂ ਇਹ ਸਮਝਣ ਲਈ ਕੀਤੀ ਜਾਵੇਗੀ ਕਿ ਲੋਕ **TV** ਅਤੇ ਮਨੋਰੰਜਨ ਸੇਵਾਵਾਂ ਨੂੰ ਕਿਵੇਂ ਦੇਖ ਰਹੇ ਹਨ। ਦੇਸ਼ ਭਰ ਤੋਂ ਹੋਰਨਾਂ ਘਰਾਂ ਨਾਲ ਰਾਤ ਸਮੇਂ ਦੇਖਣ ਸਬੰਧੀ ਡੇਟਾ ਇਕੱਠਿਆਂ ਇਕੱਤਰ ਕੀਤਾ ਜਾਂਦਾ ਹੈ। ਹਰੇਕ ਸਵੇਰ 9:30 ਵਜੇ ਇਸ ਦੇਖਣ ਸਬੰਧੀ ਡੇਟਾ ਨੂੰ **BARB** ਵੱਲੋਂ ਪ੍ਰਕਾਸ਼ਤ ਕੀਤਾ ਜਾਂਦਾ ਹੈ ਤਾਂ ਜੋ ਬ੍ਰੌਡਕਾਸਟਰਾਂ ਅਤੇ ਵਿਗਿਆਪਨਦਾਤਾਵਾਂ ਨੂੰ ਪਿਛਲੇ ਦਿਨ ਦੇ ਪ੍ਰੋਗਰਾਮਾਂ ਲਈ ਦਰਸ਼ਕਾਂ ਦੇ ਅੰਕੜੇ ਦਿੱਤੇ ਜਾ ਸਕਣ।

### "ਮੈਂ ਆਪਣੀ ਟੈਬਲੇਟ/ਕੰਪਿਊਟਰ/ਸਮਾਰਟਫੋਨ ਤੇ ਟੀਵੀ ਨਹੀਂ ਦੇਖਦਾ। ਕੀ ਇਸਦੀ ਅਜੇ ਵੀ ਨਿਗਰਾਨੀ ਕਰਨ ਦੀ ਲੋੜ ਹੈ?"

ਹਾਂ, ਸਾਨੂੰ ਇਸ ਦੀ ਪਰਵਾਹ ਕੀਤੇ ਬਿਨਾਂ ਸਾਰੇ ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਨੂੰ ਮੋਨੀਟਰ ਕਰਨ ਦੀ ਲੋੜ ਹੁੰਦੀ ਹੈ ਕਿ ਇਨ੍ਹਾਂ ਦੀ ਵਰਤਮਾਨ ਵਿੱਚ ਟੀਵੀ ਦੇਖਣ ਲਈ ਵਰਤੋਂ ਕੀਤੀ ਜਾਂਦੀ ਹੈ ਜਾਂ ਬੱਸ ਕੰਮ ਕਰਨ ਦੇ ਉਦੇਸ਼ਾਂ ਲਈ ਹੀ ਵਰਤੋਂ ਕੀਤੀ ਜਾਂਦੀ ਹੈ।

ਇਹ ਇਸ ਗੱਲ੍ਹ ਦੀ ਪੁਸ਼ਟੀ ਕਰਨ ਵਿੱਚ ਮਦਦ ਕਰਦਾ ਹੈ ਕਿ ਕੁਝ ਵੀ ਦੇਖਿਆ ਨਹੀਂ ਜਾ ਰਿਹਾ ਹੈ ਜਾਂ ਉਦੋਂ ਦਰਸਾਉਂਦਾ ਹੈ ਜਦੋਂ ਲੋਕ ਦੇਖਣਾ ਸ਼ੁਰੂ ਕਰਦੇ ਹਨ।

## “ਕੀ ਇਸ ਲਈ ਮੈਨੂੰ ਕੋਈ ਖਰਚ ਕਰਨਾ ਪਏਗਾ?”

ਟੀਵੀ ਮੀਟਰ ਅਤੇ ਫੋਕਲ ਮੀਟਰ ਲਈ ਲਗਾਤਾਰ ਮੇਨ ਸਪਲਾਈ ਦੀ ਲੋੜ ਹੁੰਦੀ ਹੈ, ਅਤੇ ਰਿਵਾਰਡ ਭੁਗਤਾਨ ਦੇ ਹਿੱਸੇ ਨੂੰ ਉਨ੍ਹਾਂ ਦੁਆਰਾ ਵਰਤੀ ਜਾਂਦੀ ਬਿਜਲੀ ਦੀ ਥੋੜ੍ਹੀ ਮਾਤਰਾ ਨੂੰ ਕਵਰ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

ਹਰੇਕ **TV** ਮੀਟਰ ਲਗਭਗ 0.15**kWh** ਦੀ ਵਰਤੋਂ ਕਰਦਾ ਹੈ, ਜੋ ਤਕਰੀਬਨ **4p** ਪ੍ਰਤੀ ਦਿਨ ਦੇ ਬਰਾਬਰ ਹੈ। ਫੋਕਲ ਮੀਟਰ ਲਗਭਗ 0.04**kWh** ਦੀ ਵਰਤੋਂ ਕਰਦਾ ਹੈ, ਜੋ ਲਗਭਗ **1p** ਪ੍ਰਤੀ ਦਿਨ ਹੈ।

## “ਕੀ ਮੈਨੂੰ ਰਾਤ ਭਰ ਆਪਣੇ ਰਾਉਟਰ ਅਤੇ ਫੋਕਲ ਮੀਟਰ ਨੂੰ ਪਲੱਗ ਵਿੱਚ ਚਾਲੂ ਰੱਖਣ ਦੀ ਲੋੜ ਹੋਵੇਗੀ?”

ਇੱਕ ਵਾਰ ਇੰਸਟਾਲ ਕੀਤੇ ਜਾਣ ਤੇ, ਅਸੀਂ ਤੁਹਾਨੂੰ ਆਪਣੇ ਫੋਕਲ ਮੀਟਰ ਨੂੰ ਪਲੱਗ ਤੋਂ ਨਾ ਉਤਾਰਨ ਲਈ ਕਹਾਂਗੇ।

ਤੁਹਾਡੇ ਰਾਉਟਰ ਨੂੰ ਵੀ ਪਲੱਗ ਵਿੱਚ ਚਾਲੂ ਰੱਖਣ ਦੀ ਤਰਜੀਹ ਕੀਤੀ ਜਾਵੇਗੀ ਕਿਉਂਕਿ ਇਹ ਫੋਕਲ ਮੀਟਰ ਨੂੰ ਡੇਟਾ ਸਾਨੂੰ ਵਾਪਸ ਸੰਚਾਰ ਕਰਨ ਦੀ ਆਗਿਆ ਦਿੰਦਾ ਹੈ।

## “ਜਦੋਂ ਮੈਂ ਆਨਲਾਈਨ ਬੈਂਕਿੰਗ ਦੀ ਵਰਤੋਂ ਕਰਦਾ/ਕਰਦੀ ਹਾਂ ਜਾਂ ਸੁਰੱਖਿਅਤ ਵੈਬਸਾਇਟ ਲਈ ਲਾਗ ਇਨ ਕਰਦਾ/ਕਰਦੀ ਹਾਂ ਤਾਂ ਕੀ ਤੁਸੀਂ ਮੇਰਾ ਯੂਜ਼ਰਨੇਮ ਪਾਸਵਰਡ, ਜਾਂ ਮੇਰਾ ਬਕਾਇਆ ਦੇਖ ਸਕਦੇ ਹੋ?”

ਨਹੀਂ, ਫੋਕਲ ਮੀਟਰ ਅਤੇ ਵਰਚੁਅਲ ਮੀਟਰ ਐਪ ਨੂੰ ਕੌਂਫਿਗਰ ਕੀਤਾ ਜਾਂਦਾ ਹੈ ਇਸ ਤਰ੍ਹਾਂ ਸਿਰਫ ਚੁਣੀਆਂ ਗਈਆਂ ਸੇਵਾਵਾਂ ਤੋਂ ਹੀ ਟ੍ਰੈਫਿਕ ਨੂੰ ਮਾਪਿਆ ਜਾ ਰਿਹਾ ਹੈ।

## ਉਹ ਡਿਵਾਈਸ ਕਿੰਨਾ ਵੱਡਾ ਹੈ ਜੋ ਮੇਰੇ TV ਸੈੱਟ ਦੇ ਨਾਲ ਲਗਾਇਆ ਜਾਂਦਾ ਹੈ?

ਇਹ 188 x 110 x 21mm ਦੇ ਉਤਪਾਦ ਮਾਪ ਵਾਲਾ ਇੱਕ 7" ਦਾ ਟੈਬਲੇਟ ਹੈ।

## "ਕੀ ਫੋਕਲ ਮੀਟਰ ਮੇਰੀ ਬ੍ਰੌਡਬੈਂਡ ਸਪੀਡ ਨੂੰ ਪ੍ਰਭਾਵਿਤ ਕਰੇਗਾ?"

ਡੇਟਾ ਨੂੰ ਰਾਊਟਰ ਅਤੇ ਫੋਕਲ ਮੀਟਰ ਦੇ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ ਪਰ ਅਪਲੋਡ ਦੀ ਸਪੀਡ ਤੇ ਪੈਣ ਵਾਲਾ ਕੋਈ ਵੀ ਪ੍ਰਭਾਵ ਨਿਗੂਣਾ ਹੁੰਦਾ ਹੈ। ਡਾਊਨਲੋਡ ਸਪੀਡ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਆਉਣ ਵਾਲੀ ਟ੍ਰੈਫਿਕ ਵਿੱਚ ਕੋਈ ਵਿਘਨ ਨਹੀਂ ਹੈ।

## ਕੀ ਤੁਸੀਂ ਵਿਗਿਆਪਨਦਾਤਾਵਾਂ ਜਾਂ ਮਾਰਕਿਟਰਾਂ ਨੂੰ ਮੇਰਾ ਡੇਟਾ ਵੇਚਦੇ ਹੋ ਤਾਂ ਜੋ ਤੁਸੀਂ ਜੰਕ ਈਮੇਲਾਂ ਜਾਂ ਪਰੇਸ਼ਾਨ ਕਰਨ ਵਾਲੀਆਂ ਟੈਲੀਫ਼ੋਨ ਕਾਲਾਂ ਲਈ ਮੈਨੂੰ ਨਿਸ਼ਾਨਾ ਬਣਾ ਸਕੋ?"

ਨਹੀਂ, ਅਸੀਂ ਗਰੰਟੀ ਦਿੰਦੇ ਹਾਂ ਕਿ **BARB** ਪੈਨਲ ਵਿੱਚ ਤੁਹਾਡੀ ਭਾਗੀਦਾਰੀ ਦਾ, **BARB** ਪੈਨਲ ਦੇ ਸਬੰਧ ਵਿੱਚ ਪਰਤੱਖ ਤੌਰ ਤੇ ਕੋਈ ਵੀ ਕਾਲਾਂ, ਈਮੇਲਾਂ ਜਾਂ ਪੋਸਟ ਵਿੱਚ ਕਦੇ ਵੀ ਸਿੱਟਾ ਨਹੀਂ ਨਿਕਲੇਗਾ। ਉਨ੍ਹਾਂ ਸਾਰੇ ਦੇਖਣ ਸਬੰਧੀ ਅੰਕੜਿਆਂ ਨੂੰ ਪੂਰੀ ਤਰ੍ਹਾਂ ਗੁਮਨਾਮ ਰੱਖਿਆ ਜਾਂਦਾ ਹੈ ਜੋ ਅਸੀਂ ਪ੍ਰਕਾਸ਼ਿਤ ਕਰਦੇ ਹਾਂ।

## "ਮੈਂ ਇਸ ਗੱਲ ਬਾਰੇ ਚਿੰਤਤ ਹਾਂ ਕਿ ਤੁਸੀਂ ਮੇਰੇ ਈਮੇਲ ਅਕਾਊਂਟ ਉੱਤੇ ਨਜ਼ਰ ਰੱਖੋਗੇ ਅਤੇ ਮੇਰੇ ਸਾਰੇ ਦੋਸਤਾਂ ਨੂੰ ਜੰਕ ਜਾਂ ਸਪੈਮ ਭੇਜਣ ਲਈ ਮੇਰੀ ਸੰਪਰਕ ਸੂਚੀ ਤੱਕ ਪਹੁੰਚ ਕਰੋਗੇ।"

ਨਹੀਂ, ਅਸੀਂ ਤੁਹਾਡੀ ਟੈਬਲੇਟ, ਕੰਪਿਊਟਰ ਜਾਂ ਸਮਾਰਟਫੋਨ 'ਤੇ ਸਟੋਰ ਕੀਤੇ ਜਾਂ ਦੇਖੇ ਗਏ ਕਿਸੇ ਵੀ ਈਮੇਲ, ਦਸਤਾਵੇਜ਼ਾਂ ਜਾਂ ਸੰਪਰਕ ਸੂਚੀਆਂ ਤੱਕ ਪਹੁੰਚ ਪ੍ਰਾਪਤ ਕਰਨ ਦੇ ਯੋਗ ਨਹੀਂ ਹਾਂ। ਅਸੀਂ ਤਤਕਾਲ ਸੰਦੇਸ਼, ਈਮੇਲਾਂ ਜਾਂ ਕੋਈ ਵੀ ਹੋਰ ਨਿੱਜੀ ਸੰਚਾਰਾਂ ਨੂੰ ਬਿਲਕੁਲ ਵੀ ਨਹੀਂ ਪੜ੍ਹ ਸਕਦੇ ਹਾਂ।

## ਇਪਸੋਸ ਬਾਰੇ

ਇਪਸੋਸ **BARB** ਵਲੋਂ ਕੰਮ ਕਰਨ ਵਾਲੀ ਇੱਕ ਸੁਤੰਤਰ ਖੋਜ ਕੰਪਨੀ ਹੈ। ਇਪਸੋਸ **BARB** ਨੈਸ਼ਨਲ ਟੀਵੀ ਵਿਊਇੰਗ ਸਰਵੇਖਣ ਕਰਦੀ ਹੈ ਅਤੇ ਟੀਵੀ ਪੈਨਲ ਵਿੱਚ ਸ਼ਾਮਲ ਹੋਣ ਲਈ ਪਾੱਤਰ ਪਰਿਵਾਰਾਂ ਦੀ ਪਛਾਣ ਕਰਦੀ ਹੈ।

ਜ਼ਿਆਦਾ ਜਾਣਕਾਰੀ ਲੈਣ ਲਈ, **www.ipsos.com** ’ਤੇ ਜਾਓ

## ਕੈਂਟਾਰ ਬਾਰੇ

ਕੈਂਟਾਰ ਇੱਕ ਖੋਜ ਕੰਪਨੀ ਹੈ ਜਿਸ ਨੂੰ **BARB** ਦੁਆਰਾ **TV** ਦੇਖਣ ਸਬੰਧੀ (**TV Viewing**) ਪੈਨਲ ਦਾ ਸੰਚਾਲਨ ਕਰਨ ਲਈ ਕਿਹਾ ਗਿਆ ਹੈ।

ਜ਼ਿਆਦਾ ਜਾਣਕਾਰੀ ਲੈਣ ਲਈ, **www.kantar.com** ’ਤੇ ਜਾਓ।

## RSMB ਬਾਰੇ

**BARB** ਤਰਫੋਂ **RSMB** ਸਮੁੱਚੀ ਖੋਜ ਦੀ ਕਾਰਜ-ਪ੍ਰਣਾਲੀ, ਅੰਕੜਿਆਂ ਸਬੰਧੀ ਡਿਜ਼ਾਇਨ ਅਤੇ ਕੁਆਲਿਟੀ ਕੰਟਰੋਲ ਲਈ ਜ਼ਿੰਮੇਵਾਰ ਹੈ।

ਜ਼ਿਆਦਾ ਜਾਣਕਾਰੀ ਲਈ, **www.rsmb.co.uk** ਤੇ ਜਾਓ

## BARB ਬਾਰੇ

**BARB**, ਬ੍ਰੌਡਕਾਸਟਰਸ ਆਡੀਐਂਸ ਰਿਸਰਚ ਬੋਰਡ, ਟੀਵੀ ਉਦਯੋਗ ਨੂੰ (ਟੀਵੀ) ਦੇਖਣ ਸਬੰਧੀ ਅੰਕੜੇ ਮੁਹੱਈਆ ਕਰਦਾ ਹੈ, ਮੁਢਲੇ ਰੂਪ ਵਿੱਚ ਟੈਲੀਵੀਜ਼ਨ ਪ੍ਰੋਗਰਾਮਾਂ, ਚੈਨਲਾਂ ਅਤੇ ਵਿਗਿਆਪਨਾਂ ਲਈ। ਇਹ ਆਨਲਾਈਨ ਪਹੁੰਚਾਏ ਜਾਂਦੇ ਟੀਵੀ ਪ੍ਰੋਗਰਾਮਾਂ ਅਤੇ ਵੀਡੀਓ ਲਈ ਵੀ ਦੇਖਣ ਸਬੰਧੀ ਡੇਟਾ ਮੁਹੱਈਆ ਕਰਦਾ ਹੈ।

**BARB** ’ਤੇ **BBC, ITV, Channel** (ਚੈਨਲ) 4, **Channel** (ਚੈਨਲ) 5, **Sky** (ਸਕਾਈ), **UKTV** ਅਤੇ **IPA** ਦੀ ਸਾਂਝੀ ਮਲਕੀਅਤ ਹੈ

**BARB** ਵਿਆਪਕ ਪ੍ਰਕਾਰ ਦੇ ਹੋਰਨਾਂ ਬ੍ਰੌਡਕਾਸਟਰਾਂ ਲਈ ਵੀ ਦਰਸ਼ਕਾਂ ਦੇ ਅੰਕੜੇ ਮੁਹੱਈਆ ਕਰਦਾ ਹੈ।

ਜ਼ਿਆਦਾ ਜਾਣਕਾਰੀ ਲਈ **www.barb.co.uk** ’ਤੇ ਜਾਓ

## ਸੰਖੇਪ ਵਿੱਚ

ਅਸੀਂ ਚਾਹਾਂਗੇ ਕਿ ਤੁਹਾਡਾ ਘਰ **BARB** ਪੈਨਲ ਵਿੱਚ ਸ਼ਾਮਲ ਹੋ ਕੇ ਅਤੇ ਤੁਹਾਡੇ ਦੇਖਣ ਦੇ ਰਵੱਈਏ ਨੂੰ ਮਾਪਣ ਦੀ ਸਾਨੂੰ ਆਗਿਆ ਦੇ ਕੇ **TV** ਦੇ ਭਵਿੱਖ ਨੂੰ ਅਕਾਰ ਦੇਣ ਵਿੱਚ ਸਾਡੀ ਮਦਦ ਕਰੇ। ਘਰ ਵਿੱਚ ਸਾਰੇ **TV** ਸੈੱਟਾਂ, ਟੈਬਲੇਟਾਂ, ਕੰਪਿਊਟਰਾਂ ਅਤੇ ਸਮਾਰਟਫੋਨਾਂ ਨੂੰ ਦੇਖਣ ਨੂੰ ਹਰੇਕ **TV** ਸੈੱਟ ਦੇ ਨਾਲ ਇੱਕ **TV** ਮੀਟਰ ਨੂੰ ਜੋੜ ਕੇ ਅਤੇ ਘਰ ਦੇ ਬ੍ਰੌਡਬੈਂਡ ਰਾਊਟਰ ਦੇ ਨਾਲ ਇੱਕ ਫੋਕਲ ਮੀਟਰ ਨੂੰ ਲਗਾ ਕੇ ਕੈਪਚਰ ਕੀਤਾ ਜਾਂਦਾ ਹੈ।

ਘਰ ਦੇ ਹਰੇਕ ਮੈਂਬਰ ਨੂੰ ਇੱਕ ਸਮਰਪਿਤ ਰਿਮੋਟ ਦਾ ਇਸਤੇਮਾਲ ਕਰਦੇ ਹੋਏ, ਉਨ੍ਹਾਂ ਦੁਆਰਾ **TV** ਦੇਖਣ ਨੂੰ ਰਜਿਸਟਰ ਕਰਨ ਦੁਆਰਾ ਭਾਗ ਲੈਣ ਦੀ ਲੋੜ ਹੁੰਦੀ ਹੈ। ਹੋਰ ਡਿਵਾਈਸਾਂ ‘ਤੇ ਆਨਲਾਈਨ ਦੇਖਣ ਨੂੰ ਆਪਣੇ-ਆਪ ਇਕੱਤਰ ਕੀਤਾ ਜਾਂਦਾ ਹੈ ਅਤੇ ਇੱਕ ਵਾਰ ਰਜਿਸਟਰ ਕੀਤੇ ਜਾਣ ਮਗਰੋਂ, ਘਰ ਦੇ ਮੈਂਬਰਾਂ ਵੱਲੋਂ ਕਿਸੇ ਵੀ ਹੋਰ ਸ਼ਮੂਲੀਅਤ ਦੀ ਲੋੜ ਨਹੀਂ ਹੁੰਦੀ ਹੈ।

ਧੰਨਵਾਦ ਦੇ ਤੌਰ ‘ਤੇ, ਘਰ ਅਤੇ ਵਿਅਕਤੀ ਪੈਨਲ ‘ਤੇ ਹੋਣ ਵੇਲੇ ਪੌਇੰਟ ਇਕੱਤਰ ਕਰਦੇ ਹਨ ਜਿਨ੍ਹਾਂ ਬਦਲੇ ਕਈ ਤਰ੍ਹਾਂ ਦੇ ਹਾਈ ਸਟ੍ਰੀਟ ਵਾਊਚਰ ਅਤੇ ਚੀਜ਼ਾਂ ਲਈਆਂ ਜਾ ਸਕਦੀਆਂ ਹਨ।

## ਅਗਲੇ ਕਦਮਾਂ ਨੂੰ ਨਾ ਭੁੱਲੋ:

1. ਅਸੀਂ ਇਹ ਯਕੀਨੀ ਬਣਾਉਣ ਲਈ ਤੁਹਾਨੂੰ ਕਾਲ ਕਰਾਂਗੇ ਕਿ ਸਾਡੇ ਕੋਲ ਸਾਰੇ ਸਹੀ ਵੇਰਵੇ ਹਨ ਅਤੇ ਇਹ ਕਿ ਤੁਸੀਂ ਜਾਰੀ ਰੱਖਣ ਲਈ ਖੁਸ਼ ਹੋ, ਕਾਲ ਅੱਗੇ ਦਿੱਤੇ ਨੰਬਰ ਤੋਂ ਆਏਗੀ:

   **020 3602 0717**

   ਜੇ ਅਸੀਂ ਅਗਲੇ 7 ਦਿਨਾਂ ਵਿੱਚ ਤੁਹਾਨੂੰ ਮਿਲਣ ਦਾ ਪ੍ਰਬੰਧ ਨਹੀਂ ਕਰਦੇ, ਤਾਂ ਸਾਨੂੰ ਇਸੇ ਨੰਬਰ ਤੇ ਕਾਲ ਕਰਨ ਵਿੱਚ ਨਾ ਝਿਜਕੋ।

2. ਉਸ ਤੋਂ ਬਾਅਦ, ਕੈਂਟਾਰ ਟੀਵੀ ਮੀਟਰਿੰਗ ਉਪਕਰਣ ਨੂੰ ਲਗਾਉਣ ਲਈ ਤਰਜੀਹੀ ਸਮੇਂ ਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ।

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ ਸਾਡੇ ਹੈਲਪਲਾਈਨ ਨੰਬਰ 0808 129 6827 ਤੇ ਕਾਲ ਕਰ ਸਕਦੇ ਹੋ (ਸਾਰੇ ਯੂਕੇ ਲੈਂਡਲਾਈਨਾਂ ਅਤੇ ਮੋਬਾਈਲਾਂ ਤੋਂ ਕਾਲਾਂ ਮੁਫਤ ਹਨ)।

ਜ਼ਿਆਦਾ ਵਿਸਤ੍ਰਿਤ ਜਾਣਕਾਰੀ ਸਾਡੀ ਵੈਬਸਾਈਟ ’ਤੇ ਦੇਖੀ ਜਾ ਸਕਦੀ ਹੈ:

**www.shapingtv.co.uk**

BARB BROADCASTERS' AUDIENCE RESEARCH BOARD   Ipsos   RSMB   KANTAR